Punjab Government Gazette

Published by Authority

No. 33] CHANDIGARH, FRIDAY, AUGUST 15, 2025 (SRAVANA 24, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

ਅਧਿਸੂਚਨਾ

ਮਿਤੀ 28 ਨਵੰਬਰ, 2023

30

ਨੰ:PWD-BR105/37/2023-2BR1/4875.-ਸ਼੍ਰੀ ਤਰਨਜੀਤ ਸਿੰਘ, ਅਰੋੜਾ, ਕਾਰਜਕਾਰੀ ਇੰਜੀਨੀਅਰ (ਸਿਵਲ), ਪ੍ਰਾਂਤਕ ਮੰਡਲ, ਲੁਧਿਆਣਾ ਨੇ ਆਪਣੀ ਪ੍ਰਤੀਬੇਨਤੀ ਮਿਤੀ 16.08.2023 ਰਾਹੀਂ ਘਰੇਲੂ ਕਾਰਨਾਂ ਕਾਰਨ 03 ਮਹੀਨੇ ਦਾ ਨੋਟਿਸ ਦਿੰਦੇ ਹੋਏ ਸਵੈ-ਇੱਛੁਕ ਸੇਵਾ-ਨਿਵਿਰਤੀ ਦੀ ਮੰਗ ਕੀਤੀ ਸੀ। ਅਧਿਕਾਰੀ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਉਪਰੰਤ ਵਿੱਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 02.03.2020 ਰਾਹੀਂ ਕੀਤੀ ਗਈ ਸੋਧ ਦੇ ਸਨਮੁੱਖ ਅਤੇ The Punjab Civil Services (Premature Retirement) Rules, 1975, ਦੇ ਤਹਿਤ 03 ਮਹੀਨੇ ਦਾ ਨੋਟਿਸ ਪ੍ਰਵਾਨ ਕਰਦੇ ਹੋਏ ਸ਼੍ਰੀ ਤਰਨਜੀਤ ਸਿੰਘ, ਅਰੋੜਾ, ਕਾਰਜਕਾਰੀ ਇੰਜੀਨੀਅਰ (ਸਿਵਲ), ਪ੍ਰਾਂਤਕ ਮੰਡਲ, ਲੁਧਿਆਣਾ ਨੂੰ ਮਿਤੀ 30.11.2023 (ਬਾ.ਦੁ) ਨੂੰ ਸੇਵਾ-ਨਿਵਿਰਤ ਕੀਤਾ ਜਾਂਦਾ ਹੈ।

2. ਜੇਕਰ ਉਪਰੋਕਤ ਅਧਿਕਾਰੀ ਵਿਰੁੱਧ ਮੌਜੂਦਾ ਸਮੇਂ ਅਤੇ ਭਵਿੱਖ ਵਿੱਚ ਕੋਈ ਵਿਭਾਗੀ/ਚੌਕਸੀ ਪੜਤਾਲ/ਚਾਰਜਸ਼ੀਟ ਜਾ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਇਹਨਾਂ ਅਧਿਕਾਰੀਆਂ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਪ੍ਰਿਯਾਂਕ ਭਾਰਤੀ, ਆਈ.ਏ.ਐਸ.

ਸਕੱਤਰ, ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ)

ਚੰਡੀਗੜ੍ਹ

ਮਿਤੀ 21 ਨਵੰਬਰ, 2023

3477/8-2025/Pb. Govt. Press, S.A.S. Nagar